**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਿੱਖਿਆ ਭਵਨ,ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਵੀ ਮੰਜਿਲ, ਈ ਬਲਾਕ,**
**ਐਸ.ਏ.ਐਸ ਨਗਰ, ਮੋਹਾਲੀ।**

**ਰਜਿਸਟਰਡ ਵਲੋਂ**
**ਡਾਕ ਰਾਹੀਂ**

**ਚੇਅਰਮੈਨ, ਆਫਿਸਰਜ਼ ਕਮੇਟੀ।**
**ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ**
**ਸਕੂਲ ਸਿੱਖਿਆ , ਪੰਜਾਬ, ਮੋਹਾਲੀ।**

**ਵੱਲ:**

| ਲੜੀ ਨੰ. | ਸਿਵਲ ਰਿੱਟ ਪਟੀਸ਼ਨ ਨੰ: | ਪਟੀਸ਼ਨਰ ਦਾ ਨਾਮ ਸ੍ਰੀ/ਸ੍ਰੀਮਤੀ | **ਸਬੰਧਤ ਅਧਿਕਾਰੀ** |
|---|---|---|---|
| 3. | 485/13 | ਸ੍ਰੀਮਤੀ ਨਿਰੰਜਣ ਕੌਰ (ਰਿਟਾ: ਜੇ.ਬੀ.ਟੀ ਟੀਚਰ), ਸਰਕਾਰੀ ਪ੍ਰਾਇਮਰੀ ਸਕੂਲ, ਮਾਮੁਖੇੜਾ, ਫ਼ਾਜਿਲਕਾ | ਡਿਪਟੀ ਡਾਇਰੈਕਟਰ (ਅਮਲਾ-1 ਸ਼ਾਖਾ) (ਐ.ਸਿ) |

**ਮੀਮੋ ਨੰ.1/59/ਸਿ:ਰਿੱ:ਪ:16323/08/ਏ.ਸੀ.ਐਫ.ਏ/** **ਮਿਤੀ: .08.2013**

**ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ. ਉਪਰੋਕਤ ਲਿਸਟ ਅਨੁਸਾਰ ਬਨਾਮ ਪੰਜਾਬ ਸਰਕਾਰ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ.16323/08 ਸ੍ਰੀਮਤੀ ਸੁਦਰਸ਼ਨਾ ਦੇਵੀ ਬਨਾਮ ਪੰਜਾਬ ਸਰਕਾਰ ਵਿੱਚ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਪ੍ਰਿੰਸੀਪਲ ਸਕੱਤਰ, ਸਿੱਖਿਆ ਵਿਭਾਗ, ਪੰਜਾਬ ਨੇ ਆਪਣੇ ਹੁਕਮ ਨੰ.ਟੀ.ਏ/ਐਸ.ਐਸ.ਐਸ.ਈ/2010/76 ਮਿਤੀ 29-03-10 ਰਾਹੀਂ ਆਫਿਸਰਜ਼ ਕਮੇਟੀ ਗਠਿਤ ਕੀਤੀ ਸੀ ਅਤੇ ਇਸ ਆਫਿਸਰਜ਼ ਕਮੇਟੀ ਵਲੋਂ ਉਪਰੋਕਤ ਸਿਵਲ ਰਿੱਟ ਪਟੀਸ਼ਨਾਂ ਸਬੰਧੀ ਰਿਕਾਰਡ ਵਿਚਾਰਿਆ ਜਾਣਾ ਹੈ।ਇਸ ਸਬੰਧ ਵਿੱਚ ਜੇਕਰ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਮਿਤੀ 20.08.13 ਨੂੰ 5.00 ਵਜੇ ਬਾਅਦ ਦੁਪਿਹਰ ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਅਤੇ ਚੇਅਰਮੈਨ ਆਫਿਸਰਜ਼ ਕਮੇਟੀ ਜੀ ਦੇ ਦਫਤਰ ਵਿੱਚ **ਸਿੱਖਿਆ ਭਵਨ,ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਵੀ ਮੰਜਿਲ, ਈ ਬਲਾਕ,ਐਸ.ਏ.ਐਸ ਨਗਰ ਮੋਹਾਲੀ** ਵਿਖੇ ਹਾਜਰ ਹੋ ਕੇ ਆਪਣਾ ਪੱਖ ਰੱਖ ਸਕਦੇ ਹੋ ਅਤੇ ਆਪਣੇ ਪੱਖ ਦੇ ਸਬੰਧ ਵਿੱਚ ਜੋ ਵੀ ਬੇਨਤੀ ਪੱਤਰ/ਦਸਤਾਵੇਜ ਦੇਣਾ ਚਾਹੁੰਦੇ ਹੋ ਉਹ ਵੀ ਉਸ ਦਿਨ ਪੇਸ਼ ਕਰ ਸਕਦੇ ਹੋ ।ਜੇਕਰ ਆਪ ਇਸ ਮਿਤੀ ਨੂੰ ਕਮੇਟੀ ਅੱਗੇ ਪੇਸ਼ ਨਾ ਹੋਏ ਤਾਂ ਇਹ ਸਮਝਿਆ ਜਾਵੇਗਾ ਕਿ ਆਪ ਵਲੋਂ ਇਸ ਸਬੰਧ ਵਿੱਚ ਕੁਝ ਵੀ ਨਹੀਂ ਕਹਿਣਾ ਹੈ ਅਤੇ ਇਸ ਸਿਵਲ ਰਿੱਟ ਪਟੀਸ਼ਨ ਸਬੰਧੀ ਰਿਕਾਰਡ ਦੇ ਅਧਾਰ ਤੇ ਫੈਸਲਾ ਕਰ ਦਿੱਤਾ ਜਾਵੇਗਾ।ਉਪਰੋਕਤ ਨੋਟਿਸ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੀ ਵੈਬਸਾਈਟ (www.ssapunjab.org) ਤੇ ਵੀ ਉਪਲਬੱਧ ਹੈ ।

**ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਕਮ-ਚੇਅਰਮੈਨ ਆਫਿਸਰਜ਼ ਕਮੇਟੀ।**

**ਪਿੱ.ਅੰ.ਨੰ. 1/59/ਸਿ:ਰਿੱ:ਪ:16323/08/ਏ.ਸੀ.ਐਫ.ਏ/**003492-95 **ਮਿਤੀ:** 16**/08/2013**

**1.** ਉਪਰੋਕਤ ਦਾ ਇੱਕ ਉਤਾਰਾ ਡੀ.ਪੀ.ਆਈ (ਐ.ਸਿ) ਨੂੰ ਡਾਇਰੈਕਟਰ ਜਨਰਲ ਸਿੱਖਿਆ ਜੀ ਦੇ ਅ.ਸ.ਪ.ਨੰ.1/1/ਸਿਰਿਪ16323/08/ਜੇ.ਸੀ.ਐਫ.ਏ./ਆਰ003202 ਮਿਤੀ 20.05.2011 ਦੀ ਲਗਾਤਾਰਤਾ ਵਿੱਚ ਭੇਜਦਿਆਂ ਹੋਇਆ ਦੱਸਿਆ ਜਾਂਦਾ ਹੈ ਕਿ ਮਿਤੀ 06.07.11 ਨੂੰ ਹੋਈ ਆਫ਼ਿਸਰਜ਼ ਕਮੇਟੀ ਦੀ ਮੀਟਿੰਗ ਵਿੱਚ ਉਨ੍ਹਾਂ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਅੱਗੇ ਤੋਂ ਪਟੀਸ਼ਨਰਾ ਦੀ ਨਿੱਜੀ ਸੁਣਵਾਈ ਵਾਲੇ ਦਿਨ ਡੀ.ਪੀ.ਆਈ. (ਸੈ.ਸਿ) ਖੁੱਦ ਜਾਂ ਉਨ੍ਹਾਂ ਦਾ ਨੁਮਾਇੰਦਾ ਜੋ ਡਿਪਟੀ ਡਾਇਰੈਕਟਰ ਦੇ ਪੱਧਰ ਤੋਂ ਘੱਟ ਨਾ ਹੋਵੇ ਕਮੇਟੀ ਅੱਗੇ ਪੇਸ਼ ਹੋ ਕੇ ਸਿਰਿਪ ਸਬੰਧੀ ਲੋੜੀਂਦਾ ਰਿਕਾਰਡ/ਦਫ਼ਤਰੀ ਪੱਖ ਪੇਸ਼ ਕਰਨ । ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 20.08.2013 ਨੂੰ 05.00 ਵਜੇ ਬਾਅਦ ਦੁਪਿਹਰ ਵਜੇ ਆਪ ਨਿੱਜੀ ਤੌਰ ਤੇ ਜਾਂ ਆਪਣੇ ਨੁਮਾਇੰਦੇ (ਜੋ ਡਿਪਟੀ ਡਾਇਰੈਕਟਰ ਦੇ ਪੱਧਰ ਤੋਂ ਘੱਟ ਨਾ ਹੋਵੇ) ਰਾਹੀਂ ਹਾਜਰ ਹੋਕੇ ਦਫਤਰੀ ਪੱਖ ਵਿੱਚ ਜੇ ਕੁੱਝ ਕਹਿਣਾ ਚਾਹੁੰਦੇ ਹੋਣ ਤਾਂ ਕਮੇਟੀ ਅੱਗੇ ਰਖਿਆ ਜਾਵੇ ਤਾਂ ਕਿ ਲੇਟੇਸਟ ਰੂਲਾਂ/ਹਦਾਇਤਾਂ/ਕੋਰਟ ਵਲੋਂ ਹੋਏ ਹੁਕਮਾਂ ਅਨੁਸਾਰ ਇਸ ਸਿਵਲ ਰਿੱਟ ਪਟੀਸ਼ਨ ਸਬੰਧੀ ਕੋਈ ਵੀ ਪੱਖ ਵਿਚਾਰਣਾ ਨਾ ਰਹਿ ਜਾਵੇ। ਉਪਰੋਕਤ ਨੋਟਿਸ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੀ ਵੈਬਸਾਈਟ

**(www.ssapunjab.org)** ਤੇ ਵੀ ਉਪਲਬੱਧ ਹੈ, ਇਸ ਸਬੰਧੀ ਸਮੂਹ ਸਬੰਧਤਾਂ ਨੂੰ ਜਾਣੂੰ ਕਰਵਾਉਣ ਦੀ ਵੀ ਖੇਚਲ ਕੀਤੀ ਜਾਵੇ ਜੀ।

2. ਉਪਰੋਕਤ ਨੋਟਿਸ ਦੀ ਇੱਕ ਕਾਪੀ ਜਿਲਾਂ ਸਿੱਖਿਆ ਅਫਸਰ (ਐ.ਸਿ), ਫਾਜਿਲਕਾ ਨੂੰ ਪਟੀਸ਼ਨਰ ਨੂੰ ਸੂਚਿਤ ਕਰਨ ਹਿੱਤ ਭੇਜੀ ਜਾਦੀਂ ਹੈ ।

3. ਉਪਰੋਕਤ ਦਾ ਇੱਕ ਉਤਾਰਾ ਪੀ.ਏ ਟੂ ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਨੂੰ ਪ੍ਰਮੁੱਖ ਸਕੱਤਰ -ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਧਿਆਨ ਵਿੱਚ ਲਿਆਉਣ ਲਈ ਭੇਜਿਆ ਜਾਂਦਾ ਹੈ ।

4 ਉਪਰੋਕਤ ਦਾ ਇੱਕ ਉਤਾਰਾ ਸ਼੍ਰੀ ਰਾਜਵੀਰ MIS, SSA ਨੂੰ ਦਫ਼ਤਰੀ ਵੈਬਸਾਈਟ (www.ssapunjab.org) ਤੇ ਪਾਉਣ ਲਈ ਭੇਜਿਆ ਜਾਂਦਾ ਹੈ ।

16/8/13

**ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਕਮ-ਚੇਅਰਮੈਨ ਆਫਿਸਰਜ਼ ਕਮੇਟੀ।**